# ਗਰਭ, ਗਰਭ ਨਿਰੋਧ ਅਤੇ ਬੱਚੇ ਨੂੰ ਦੁੱਧ ਪਿਲਾਉਣਾ

ਟੀ ਬੀ ਦੀਆਂ ਦਵਾਈਆਂ ਲੈਂਦੇ ਹੋਏ ਤੁਹਾਨੂੰ ਗਰਭ ਨੂੰ ਰੋਕਣਾ ਚਾਹੀਦਾ ਹੈ।ਜੇ ਤੁਸੀਂ ਗਰਭਵਤੀ ਹੋ ਜਾਂ ਬੱਚੇ ਨੂੰ ਦੁੱਧ ਪਿਲਾ ਰਹੇ ਹੋ, ਜਾਂ ਜੇ ਤੁਸੀਂ ਗਰਭਵਤੀ ਹੋਣ ਦੀ ਕੋਸ਼ਿਸ਼ ਕਰ ਰਹੇ ਹੋ ਆਪਣੇ ਡਾਕਟਰ ਨੂੰ ਦਸੋ।

ਟੀ ਬੀ ਦੀਆਂ ਕਈ ਦਵਾਈਆਂ ਗਰਭ ਨਿਰੋਧਕ ਗੋਲੀਆਂ ਨੂੰ ਚੰਗੀ ਤਰ੍ਹਾਂ ਕੰਮ ਕਰਨ ਤੋਂ ਰੋਕਦੀਆਂ ਹਨ। ਤੁਹਾਨੂੰ ਗਰਭ ਨੂੰ ਰੋਕਣ ਲਈ ਗਰਭ ਨਿਰੋਧ ਦੇ ਦੂਸਰੇ ਤਰੀਕੇ ਵਰਤਣੇ ਚਾਹੀਦੇ ਹਨ। ਹੋਰ ਜਾਣਕਾਰੀ ਲਈ ਜਾਂ ਗਰਭ ਨਿਰੋਧ ਪ੍ਰਾਪਤ ਕਰਨ ਲਈ,ਆਪਣੇ ਡਾਕਟਰ ਜਾਂ ਨਰਸ ਨਾਲ ਗੱਲ ਕਰੋ,ਜਾਂ ਕਿਸੇ ਹੈਲਦੀ ਸੈਕਸੁਐਲਿਟੀ ਕਲੀਨਿਕ ਵਿੱਚ ਜਾਓ। ਜੇ ਤੁਹਾਨੂੰ ਗਰਭ ਨਿਰੋਧ ਜਾਂ ਤੁਸੀਂ ਹੈਲਦੀ ਸੈਕਸੁਐਲਿਟੀ ਕਲੀਨਿਕ ਕਿਥੇ ਲੱਭ ਸਕਦੇ ਹੋ ਬਾਰੇ ਜਾਣਕਾਰੀ ਚਾਹੀਦੀ ਹੈ , 905–799–7700 ਉੱਤੇ ਫੋਨ ਕਰੋ।

ਸਕ੍ਰਿਏ ਟੀ ਬੀ ਵਾਲੀਆਂ ਉਹ ਔਰਤਾਂ ਜੋ ਗਰਭਵਤੀ ਹਨ ਜਾਂ ਬੱਚੇ ਨੂੰ ਦੁੱਧ ਪਿਲਾ ਰਹੀਆਂ ਹਨ ਦਾ ਖ਼ਿਆਲ ਟੀ ਬੀ ਦੇ ਇਲਾਜ ਵਿੱਚ ਮਾਹਰ ਡਾਕਟਰ ਦੁਆਰਾ ਕੀਤਾ ਜਾਣਾ ਚਾਹੀਦਾ ਹੈ। ਡਾਕਟਰ ਸਿਫਾਰਸ਼ ਕਰੇਗਾ ਕਿ ਗਰਭ ਅਤੇ ਬੱਚੇ ਨੂੰ ਦੁੱਧ ਪਿਲਾਉਣ ਦੇ ਦੌਰਾਨ ਕਿਹੜੀਆਂ ਟੀ ਬੀ ਐਂਟੀਬਾਇਓਟਿਕ ਵਰਤਣ ਲਈ ਸੁਰੱਖਿਅਤ ਹਨ।

ਜੇ ਮਾਂ ਨੂੰ ਗਰਭ ਦੇ ਦੌਰਾਨ ਜਾਂ ਜਨਮ ਦੇਣ ਤੋਂ ਕੁਝ ਹੀ ਸਮੇਂ ਬਾਦ ਸਕ੍ਰਿਏ ਟੀ ਬੀ ਸੀ ਤਾਂ ਨਵੇਂ ਜਨਮੇ ਬੱਚੇ ਦਾ ਟੀ ਬੀ ਲਈ ਨਿਰੀਖਣ ਕੀਤਾ ਜਾਣਾ ਚਾਹੀਦਾ ਹੈ। ਟੀ ਬੀ ਦੀਆਂ ਦਵਾਈਆਂ ਲੈ ਰਹੀਆਂ ਮਾਵਾਂ ਦੇ ਦੁੱਧ ਵਿੱਚ ਪਾਈ ਜਾਣ ਵਾਲੀ ਟੀ ਬੀ ਦੀ ਦਵਾਈ ਦੀ ਛੋਟੀ ਜਿਹੀ ਮਾਤਰਾ ਉਨ੍ਹਾਂ ਦੇ ਦੁੱਧ  ਪੀਣ ਵਾਲੇ ਬੱਚੇ ਵਿੱਚ ਟੀ ਬੀ ਨੂੰ ਰੋਕੇਗੀ ਜਾਂ ਉਸ ਦਾ ਇਲਾਜ ਨਹੀਂ ਕਰੇਗੀ।